Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 209 | Wednesday, November 02, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਦੱਖਣੀ ਕੋਰੀਆ ਵਿਚ ਹੇਲੋਵੀਨ ਸਮਾਗਮ ਦੌਰਾਨ ਭਗਦੜ, 59 ਦੀ ਮੌਤ, 150 ਜ਼ਖਮੀ

ਨਵੀਂ ਦਿੱਲੀ, 29 ਅਕਤੂਬਰ (ਪੋਸਟ ਬਿਊਰੋ)- ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ ਦੇ ਇਕ ਬਾਜ਼ਾਰ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਖੂਬ ਵਾਇਰਲ ਹੋ ਰਿਹਾ ਹੈ। ਇਸ ਵੀਡੀਓ 'ਚ ਕਈ ਪੁਲਸ ਵਾਲੇ ਕਰੀਬ 50 ਲੋਕਾਂ ਨੂੰ ਚੁੱਕਣ ਦੀ ਕੋਸ਼ਿਸ਼ ਕਰਦੇ ਦਿਖਾਈ ਦੇ ਰਹੇ ਹਨ ਜੋ ਦਿਲ ਦਾ ਦੌਰਾ ਪੈਣ ਕਾਰਨ ਸੜਕ 'ਤੇ ਡਿੱਗ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਘਟਨਾ ਵਿੱਚ ਹੁਣ ਤੱਕ 59 ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ, ਜਦੋਂ ਕਿ 150 ਲੋਕ ਗੰਭੀਰ ਜ਼ਖ਼ਮੀ ਹੋ ਗਏ ਹਨ। ਤੁਹਾਨੂੰ ਦੱਸ ਦੇਈਏ ਕਿ ਸਿਓਲ



ਦੇ ਬਾਜ਼ਾਰ 'ਚ ਹੈਲੋਵੀਨ ਸਮਾਗਮ ਦੌਰਾਨ ਮਚੀ ਭਗਦੜ ਤੋਂ ਬਾਅਦ ਉੱਥੇ ਮੌਜੂਦ ਲੋਕਾਂ ਨੂੰ ਦਿਲ ਦਾ ਦੌਰਾ ਪੈ ਗਿਆ। ਫਿਲਹਾਲ ਪੁਲਿਸ ਪੂਰੇ ਮਾਮਲੇ ਦੀ ਜਾਂਚ ਕਰ ਰਹੀ ਹੈ।

ਜਾਣਕਾਰੀ ਮੁਤਾਬਿਕ ਲਗਭਗ 1 ਲੱਖ ਲੋਕਾਂ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ। ਇਹ ਸਾਰੇ ਲੋਕ ਸ਼ਨੀਵਾਰ ਰਾਤ ਨੂੰ ਹੈਲੋਵੀਨ ਮਨਾਉਣ ਲਈ ਮੇਗਾਸਿਟੀ ਦੇ ਕੇਂਦਰੀ ਜ਼ਿਲ੍ਹੇ ਇਟਾਵਾਨ ਵਿੱਚ ਇਕੱਠੇ ਹੋਏ ਸਨ। ਉਸੇ ਸਮੇਂ ਸਥਾਨਕ ...ਬਾਕੀ ਸਫਾ 2 'ਤੇ

# ਬ੍ਰਿਟੇਨ ਦੇ ਗ੍ਰਹਿ ਮੰਤਰੀ ਨੇ ਪ੍ਰਵਾਸੀਆਂ ਦੀ ਘੁਸਪੈਠ ਦਾ ਕੀਤਾ ਦਾਅਵਾ, ਵਿਰੋਧੀਆਂ ਨੇ ਕੀਤਾ ਇਤਰਾਜ਼

ਲੰਡਨ, 01 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਦੀ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਨੂੰ ਦੇਸ਼ ਦੇ ਸਮੁੰਦਰੀ ਤੱਟਾਂ 'ਤੇ ਆਉਣ ਵਾਲੇ ਸ਼ਰਨਾਰਥੀਆਂ ਦੀ ਗਿਣਤੀ ਦੇ ਤੌਰ 'ਤੇ ਸਰਹੱਦੀ ਘੁਸਪੈਠ ਦਾ ਵਰਣਨ ਕਰਨ ਲਈ ਵਿਰੋਧੀ ਧਿਰ ਅਤੇ ਸ਼ਰਨਾਰਥੀ ਵਕੀਲਾਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤੀ ਮੂਲ ਦੇ ਮੰਤਰੀ ਨੇ ਸੋਮਵਾਰ ਸ਼ਾਮ ਨੂੰ ਸੰਸਦ ਨੂੰ ਦੱਸਿਆ ਕਿ ਦੇਸ਼ ਵਿੱਚ ਗੈਰ-ਕਾਨੂੰਨੀ ਪ੍ਰਵਾਸੀ "ਨਿਯੰਤਰਣ ਤੋਂ ਬਾਹਰ" ਹਨ। ਉਨ੍ਹਾਂ ਕਿਹਾ ਕਿ ਇੰਗਲਿਸ਼ ਚੈਨਲ ਰਾਹੀਂ ਵੱਡੀ ਗਿਣਤੀ ਵਿੱਚ ਲੋਕ ਛੋਟੀਆਂ ਕਿਸ਼ਤੀਆਂ ਰਾਹੀਂ ਪਹੁੰਚ ਰਹੇ ਹਨ, ਜਿਸ ਕਾਰਨ



ਹਰ ਕਿਸੇ ਦੀ ਰਿਹਾਇਸ਼ ਦਾ ਪ੍ਰਬੰਧ ਕਰਨਾ ਅਸੰਭਵ ਹੋ ਗਿਆ ਹੈ।

ਉਨ੍ਹਾਂ ਦਾ ਇਹ ਬਿਆਨ ਹਫਤੇ ਦੇ ਅੰਤ 'ਚ ਇੰਗਲੈਂਡ ਦੇ ਦੱਖਣੀ ਤੱਟ 'ਤੇ ਇਕ ਸ਼ਰਨਾਰਥੀ ਕੇਂਦਰ 'ਤੇ ਪੈਟਰੋਲ ਬੰਬ ਸੁੱਟੇ ਜਾਣ ਦੀ ਹਿੰਸਕ ਘਟਨਾ ਤੋਂ ਬਾਅਦ ਆਇਆ ਹੈ। ਬ੍ਰੇਵਰਮੈਨ ਨੇ ਬ੍ਰਿਟਿਸ਼ ਸੰਸਦ ਦੇ ਹੇਠਲੇ ਸਦਨ ਹਾਊਸ ਆਫ ਕਾਮਨਜ਼ ਵਿੱਚ ਕਿਹਾ, "ਬ੍ਰਿਟਿਸ਼ ਜਨਤਾ ...ਬਾਕੀ ਸਫਾ 2 'ਤੇ

# ਲੋਕਾਂ ਨੂੰ ਮਿਆਰੀ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰਨਾ ਸੂਬਾ ਸਰਕਾਰ ਦੀ ਮੁੱਖ ਤਰਜੀਹ: ਮੁੱਖ ਮੰਤਰੀ

* ਫਗਵਾੜਾ ਵਿੱਚ ਜੱਚਾ-ਬੱਚਾ ਸੰਭਾਲ ਹਸਪਤਾਲ ਕੀਤਾ ਲੋਕਾਂ ਨੂੰ ਸਮਰਪਿਤ

ਫਗਵਾੜਾ, 1 ਨਵੰਬਰ (ਪੋਸਟ ਬਿਊਰੋ)- ਲੋਕਾਂ ਦੀ ਭਲਾਈ ਯਕੀਨੀ ਬਣਾਉਣ ਲਈ ਆਮ ਆਦਮੀ ਸਰਕਾਰ ਦੀ ਦ੍ਰਿੜ ਵਚਨਬੱਧਤਾ ਦੁਹਰਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਕਿਹਾ ਕਿ ਸੂਬਾ ਸਰਕਾਰ ਨੇ ਲੋਕਾਂ ਨੂੰ ਮਿਆਰੀ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰਨ ਨੂੰ ਮੁੱਖ ਤਰਜੀਹ ਦਿੱਤੀ ਹੈ।

ਇੱਥੇ ਸਥਾਨਕ ਸਬ-ਡਿਵੀਜ਼ਨਲ ਹਸਪਤਾਲ ਵਿੱਚ ਜੱਚਾ-ਬੱਚਾ ਸੰਭਾਲ ਹਸਪਤਾਲ ਲੋਕਾਂ ਨੂੰ ਸਮਰਪਿਤ ਕਰਦਿਆਂ ਮੁੱਖ ਮੰਤਰੀ ਨੇ ਉਮੀਦ ਜਤਾਈ ਕਿ ਇਹ ਨਵਾਂ ਬਣਿਆ ਹਸਪਤਾਲ ਗਰਭਵਤੀ ਔਰਤਾਂ ਤੇ ਨਵਜੰਮੇ ਬੱਚਿਆਂ ਨੂੰ ਮਿਆਰੀ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰੇਗਾ। ਉਨਾਂ ਕਿਹਾ ਕਿ ਇਸ ਕਦਮ ਦਾ ਉਦੇਸ਼ ਇਨਾਂ ਹਸਪਤਾਲਾਂ ਰਾਹੀਂ ਲੋਕਾਂ ਨੂੰ ਮਿਆਰੀ ਸਿਹਤ ਸੰਭਾਲ ਸੇਵਾਵਾਂ ਯਕੀਨੀ ਬਣਾਉਣਾ ਹੈ। ਭਗਵੰਤ ਮਾਨ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸੂਬੇ ਭਰ ਵਿੱਚ ਅਜਿਹੇ ਹੋਰ ਹਸਪਤਾਲ ਬਣਾਏ ਜਾਣਗੇ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸਰਕਾਰੀ ਹਸਪਤਾਲਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਲਈ ਸ਼ਿੱਦਤ ਨਾਲ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨਾਂ ਕਿਹਾ ਕਿ ਸਿਹਤ ਵਿਭਾਗ ਵਿੱਚ ਖ਼ਾਲੀ ਪਈਆਂ ਆਸਾਮੀਆਂ ਭਰਨ ਲਈ ਵੱਡੇ ਪੱਧਰ



ਉਤੇ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਕਦਮ ਦਾ ਇਕੋ-ਇਕ ਮਕਸਦ ਸੂਬੇ ਦੇ ਲੋਕਾਂ ਨੂੰ ਬਿਹਤਰੀਨ ਸਿਹਤ ਸੰਭਾਲ ਸੇਵਾਵਾਂ ਯਕੀਨੀ ਬਣਾਉਣਾ ਹੈ।

ਮੁੱਖ ਮੰਤਰੀ ਨੇ ਮੈਡੀਕਲ ਤੇ ਪੈਰਾ-ਮੈਡੀਕਲ ਸਟਾਫ ਨੂੰ ਆਪਣੀ ਡਿਊਟੀ ਸਮਰਪਿਤ ਭਾਵਨਾ ਤੇ ਸੰਜੀਦਗੀ ਨਾਲ ਨਿਭਾਉਣ ਲਈ ਆਖਿਆ। ਉਨਾਂ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਲੋਕਾਂ ਲਈ ਸਰਕਾਰੀ ਹਸਪਤਾਲਾਂ ਵਿਚ ਮਿਆਰੀ ਸਿਹਤ ਸੇਵਾਵਾਂ ਯਕੀਨੀ ਬਣਾਈਆਂ ਜਾਣ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਸਰਕਾਰੀ ਸਿਹਤ ਸੰਭਾਲ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੇਗੀ ਤਾਂ ਕਿ ਲੋਕਾਂ ਨੂੰ ਇਲਾਜ ਤੇ ਜਾਂਚ ਦੀਆਂ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ।

ਮੁੱਖ ਮੰਤਰੀ ਨੇ ਸਿਹਤ ਸੇਵਾਵਾਂ ਦਾ ਜਾਇਜ਼ਾ ਲੈਣ ਲਈ ਅਪਰੇਸ਼ਨ ਥੀਏਟਰ ...ਬਾਕੀ ਸਫਾ 2 'ਤੇ

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL
416.566.7605
gurbir.chahal@yahoo.com
ROYAL LePAGE Flower City Realty

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

OURR HOME & APPLIANCES
FALL For Ourr Exclusive Deals
UPGRADE TO SMART SCREEN FRIDGE IN JUST $499
PRICE $4699
KitchenAid | Maytag | LG | Samsung | Electrolux | Jenn-Air | Bosch | Whirlpool
416-551-5553
WWW.OURRHOMEAPPLIANCES.COM

Pure Vegetarian
MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੇਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫ਼ਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਰੱਖ ਕੇ ਲੀਡਰਾਂ ਦੀ ਖਹਿਬੜ ਇੱਕ ਪਾਸੇ,
ਕਰੀਏ ਮੁਲਕ ਦਾ ਸਿਰਫ ਧਿਆਨ ਬੇਲੀ।
ਦੂਸ਼ਣਬਾਜ਼ੀ ਦਾ ਕੰਮ ਪਏ ਕਰਨ ਲੀਡਰ,
ਗਿਆਨ ਛੱਡ ਕੇ ਵੰਡਣ ਅਗਿਆਨ ਬੇਲੀ।
ਬਹੁਤੇਲੀਡਰਬਿਆਨ ਨਹੀਂ ਆਪ ਦੇਂਦੇ,
ਚਾਟੜੇ ਦਾਗਣ ਪਏ ਨਿੱਤ ਬਿਆਨ ਬੇਲੀ।
ਜਾਂਦੀ ਵਿੱਸਰਦੀ ਸਾਰੀ ਪਈ ਅਸਲ ਬੋਲੀ,
ਚੁਣ-ਚੁਣ ਬਕਦੀ ਆ ਗੰਦ ਜ਼ਬਾਨ ਬੇਲੀ।
ਇਹੀ ਹਾਲ ਜੇ ਰਿਹਾ ਫਿਰ ਨਸਲ ਅਗਲੀ,
ਗਾਲ੍ਹਾਂ ਬਿਨਾਂ ਸਭ ਜਾਊ ਫਿਰ ਭੁੱਲ ਬੇਲੀ।
ਕਿਹੋ ਜਿਹਾ ਮੁਲਕ ਦਾ ਫੇਰ ਭਵਿੱਖ ਹੋਊ,
ਸੋਚੀਏਨਫਾ-ਨੁਕਸਾਨ ਉਹ ਕੁੱਲ ਬੇਲੀ।

**ਤੀਸ ਮਾਰ ਖਾਂ**

# ਵਿਜੀਲੈਂਸ ਬਿਊਰੋ ਨੇ ਆਪਣੇ ਹੀ ਇੰਸਪੈਕਟਰ ਨੂੰ 5,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਕੀਤਾ ਗ੍ਰਿਫਤਾਰ

ਚੰਡੀਗੜ, 1 ਨਵੰਬਰ (ਪੋਸਟ ਬਿਊਰੋ)- ਸੂਬੇ ਵਿੱਚ ਭ੍ਰਿਸ਼ਟਾਚਾਰ ਦੇ ਖਾਤਮੇ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਬਿਊਰੋ ਦੇ ਰੇਂਜ ਦਫਤਰ ਅੰਮ੍ਰਿਤਸਰ ਵਿਖੇ ਤਾਇਨਾਤ ਆਪਣੇ ਹੀ ਇੱਕ ਇੰਸਪੈਕਟਰ ਅਮੋਲਕ ਸਿੰਘ ਨੂੰ 5000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਦੋਸ਼ੀ ਵਿਜੀਲੈਂਸ ਇੰਸਪੈਕਟਰ ਨੂੰ ਪ੍ਰਭਮੇਸ਼ ਮੋਹਨ ਵਾਸੀ ਨਿਊ ਮਹਿੰਦਰਾ ਕਲੋਨੀ, ਅੰਮ੍ਰਿਤਸਰ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਨਲਾਈਨ ਸ਼ਿਕਾਇਤ ਨੰਬਰ 'ਤੇ ਇੱਕ ਵੀਡੀਓ ਅਪਲੋਡ ਕਰਕੇ ਦੋਸ਼ ਲਗਾਇਆ ਹੈ ਕਿ ਉਸਨੂੰ ਅਤੇ ਉਸਦੀ ਪਤਨੀ, ਜੋ ਕਿ ਨਗਰ ਨਿਗਮ ਅੰਮ੍ਰਿਤਸਰ ਵਿੱਚ ਕਰਮਚਾਰੀ ਹੈ, ਨੂੰ ਬਿਊਰੋ ਦੁਆਰਾ 2021 ਵਿੱਚ ਭ੍ਰਿਸ਼ਟਾਚਾਰ ਦੇ ਇੱਕ ਕੇਸ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਅਦਾਲਤ ਨੇ ਉਹਨਾਂ ਨੂੰ ਜ਼ਮਾਨਤ ਦੇ ਦਿੱਤੀ ਹੈ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਾਇਆ ਕਿ ਅਮੋਲਕ ਸਿੰਘ ਇਸ ਮਾਮਲੇ ਦਾ ਤਫਤੀਸ਼ੀ ਅਫਸਰ ਹੋਣ ਦੇ ਨਾਤੇ ਉਸ ਤੋਂ 5000 ਰੁਪਏ ਬਤੌਰ ਰਿਸ਼ਵਤ ਵਜੋਂ ਮੰਗ ਰਿਹਾ ਸੀ ਅਤੇ ਬਹਾਨਾ ਉਨਾਂ ਦੇ ਕੇਸ ਵਿੱਚ ਨਮੂਨੇ ਵਜੋਂ ਉਸਦੀ ਆਵਾਜ ਰਿਕਾਰਡ ਕਰਨ ਦਾ ਲਾਇਆ ਗਿਆ ਸੀ। ਸ਼ਿਕਾਇਤਕਰਤਾ ਨੇ ਸਬੂਤ ਵਜੋਂ ਇਸ ਗੱਲਬਾਤ ਨੂੰ ਆਪਣੇ ਫੋਨ 'ਤੇ ਰਿਕਾਰਡ ਕਰਕੇ ਵਿਜੀਲੈਂਸ ਨੂੰ ਵੀ ਸੌਂਪ ਦਿੱਤਾ ਹੈ।

ਸ਼ਿਕਾਇਤ ਵਿਚਲੇ ਤੱਥਾਂ ਅਤੇ ਸਬੂਤਾਂ ਦੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਨੇ ਉਕਤ ਇੰਸਪੈਕਟਰ ਨੂੰ ਸ਼ਿਕਾਇਤਕਰਤਾ ਤੋਂ 5,000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ ਹੇਠ ਕਾਬੂ ਕਰ ਲਿਆ।

ਇਸ ਸਬੰਧ ਵਿਚ ਦੋਸ਼ੀ ਪੁਲਿਸ ਅਧਿਕਾਰੀ ਦੇ ਖਿਲਾਫ ਵਿਜੀਲੈਂਸ ਦੇ ਉਡਣ ਦਸਤਾ-1 ਪੰਜਾਬ, ਥਾਣਾ ਐਸ.ਏ.ਐਸ. ਨਗਰ ਵਿਖੇ ਭ੍ਰਿਸ਼ਸਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਦਿੱਲੀ ਏਅਰਪੋਰਟ ਤੋਂ 3 ਕਰੋੜ ਦਾ ਸੋਨਾ ਜ਼ਬਤ, 'ਬਾਡੀ ਸ਼ੇਪਰ' 'ਚ ਲਿਜਾ ਰਹੇ ਸਨ ਤਿੰਨ ਯਾਤਰੀ

ਨਵੀਂ ਦਿੱਲੀ, 01 ਨਵੰਬਰ (ਪੋਸਟ ਬਿਊਰੋ)- ਦਿੱਲੀ ਹਵਾਈ ਅੱਡੇ 'ਤੇ ਕਸਟਮ ਅਧਿਕਾਰੀਆਂ ਨੇ ਵੱਡੀ ਕਾਰਵਾਈ ਕਰਦਿਆਂ 2.95 ਕਰੋੜ ਰੁਪਏ ਦਾ ਸੋਨਾ ਜ਼ਬਤ ਕੀਤਾ ਹੈ, ਜਿਸ ਨੂੰ ਤਿੰਨ ਯਾਤਰੀ ਆਪਣੇ ਸਰੀਰ 'ਤੇ ਕੱਪੜਿਆਂ ਵਾਂਗ ਪਹਿਨੇ ਹੋਏ 'ਬਾਡੀ ਸ਼ੇਪਰ' ਦੇ ਅੰਦਰ ਛੁਪਾ ਕੇ ਲਿਜਾ ਰਹੇ ਸਨ। ਇਹ ਜਾਣਕਾਰੀ ਮੰਗਲਵਾਰ ਨੂੰ ਇੱਕ ਅਧਿਕਾਰਤ ਬਿਆਨ ਵਿੱਚ ਦਿੱਤੀ ਗਈ। ਮੁਲਜ਼ਮਾਂ ਨੂੰ 28 ਅਕਤੂਬਰ ਨੂੰ ਸ਼ਾਰਜਾਹ ਤੋਂ ਇੱਥੇ ਪਹੁੰਚਣ 'ਤੇ ਅਧਿਕਾਰੀਆਂ ਨੇ ਰੋਕ ਲਿਆ ਸੀ। ਤਲਾਸ਼ੀ ਦੌਰਾਨ, ਯਾਤਰੀਆਂ ਅਤੇ ਉਨ੍ਹਾਂ ਦੇ ਸਮਾਨ ਦੀ ਵਿਸਤ੍ਰਿਤ ਜਾਂਚ ਦੇ ਨਤੀਜੇ ਵਜੋਂ ਕੈਮੀਕਲ ਪੇਸਟ ਵਾਲੇ ਸੱਤ ਆਇਤਾਕਾਰ ਆਕਾਰ ਦੇ ਪਾਊਚ ਬਰਾਮਦ ਹੋਏ। ਉਸ ਦਾ ਕੁੱਲ ਵਜ਼ਨ 7.76 ਕਿਲੋਗ੍ਰਾਮ ਸੀ ਅਤੇ ਇਹ ਸੋਨੇ ਦਾ ਜਾਪਦਾ ਸੀ, ਜੋ ਬਾਡੀ ਸ਼ੇਪਰ ਦੀ ਬੈਲਟ ਵਿੱਚ ਛੁਪਾਇਆ ਹੋਇਆ ਸੀ। ਕਸਟਮ ਵਿਭਾਗ ਵੱਲੋਂ ਜਾਰੀ ਬਿਆਨ ਮੁਤਾਬਕ ਇਸ ਪੇਸਟ ਵਿੱਚੋਂ 6.67 ਕਿਲੋ ਸੋਨਾ ਕੱਢਿਆ ਗਿਆ, ਜਿਸ ਦੀ ਕੀਮਤ ਕਰੀਬ 2.95 ਕਰੋੜ ਰੁਪਏ ਸੀ। ਇਸ ਵਿਚ ਕਿਹਾ ਗਿਆ ਹੈ ਕਿ ਸੋਨਾ ਜ਼ਬਤ ਕਰਨ ਤੋਂ ਬਾਅਦ ਯਾਤਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

# ਦੱਖਣੀ ਕੋਰੀਆ ਵਿਚ ਹੇਲੋਵੀਨ ਸਮਾਗਮ ਦੌਰਾਨ ਭਗਦੜ, 59 ਦੀ ਮੌਤ, 150 ਜ਼ਖਮੀ

.....ਪੰਨਾ 1 ਦਾ ਬਾਕੀ

ਸਮੇਂ ਅਨੁਸਾਰ ਅੱਧੀ ਰਾਤ ਤੋਂ ਪਹਿਲਾਂ ਇੱਕ ਹੋਟਲ ਦੇ ਨੇੜੇ ਦਰਜਨਾਂ ਲੋਕ ਬੇਹੋਸ਼ ਹੋ ਗਏ। ਇਸ ਤੋਂ ਬਾਅਦ ਪੁਲਿਸ ਨੂੰ ਇਸ ਦੀ ਸੂਚਨਾ ਦਿੱਤੀ ਗਈ। ਫਾਇਰ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤ 11.30 ਵਜੇ ਤੱਕ ਅਜਿਹੀਆਂ 81 ਸ਼ਿਕਾਇਤਾਂ ਮਿਲੀਆਂ ਸਨ, ਜਿਨ੍ਹਾਂ ਵਿੱਚ ਲੋਕਾਂ ਨੂੰ ਸਾਹ ਲੈਣ ਵਿੱਚ ਤਕਲੀਫ਼ ਹੋਣ ਦੀ ਗੱਲ ਆਖੀ ਜਾ ਰਹੀ ਸੀ।

ਦ ਕੋਰੀਆ ਹੇਰਾਲਡ ਦੇ ਇੱਕ ਰਿਪੋਰਟਰ, ਹਿਊਨਸੂ ਯੀਮ ਨੇ ਟਵੀਟ ਕੀਤਾ: "ਹੇਲੋਵੀਨ ਦੀ ਰਾਤ ਦੇ ਰੂਪ ਵਿੱਚ ਇਟੈਵੋਨ ਵਿੱਚ ਹਫੜਾ-ਦਫੜੀ ਦਾ ਪੂਰਾ ਦ੍ਰਿਸ਼ ਹੁਣੇ ਹੀ ਇੱਕ ਵੱਡੇ ਸੁਰੱਖਿਆ ਖ਼ਤਰੇ ਵਿੱਚ ਬਦਲ ਗਿਆ ਹੈ, ਜਿਸ ਵਿੱਚ ਘੱਟੋ-ਘੱਟ ਕਈ ਪਾਰਟੀ ਜਾਣ ਵਾਲਿਆਂ ਨੂੰ ਐਂਬੂਲੈਂਸਾਂ ਵਿੱਚ ਲਿਜਾਇਆ ਗਿਆ ਹੈ। ਉਸਨੇ ਵੀ ਸਾਂਝਾ ਕੀਤਾ ਹੈ।

# ਲੋਕਾਂ ਨੂੰ ਮਿਆਰੀ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰਨਾ ਸਬਾ ਸਰਕਾਰ ਦੀ ਮੁੱਖ ਤਰਜੀਹ: ਮੁੱਖ ਮੰਤਰੀ

.....ਪੰਨਾ 1 ਦਾ ਬਾਕੀ

ਟੀਕਾਕਰਨ ਵਾਰਡ, ਓ.ਪੀ.ਡੀ. ਆਦਿ ਦਾ ਵੀ ਨਿਰੀਖਣ ਕੀਤਾ। ਉਨਾਂ ਨੇ ਹਸਪਤਾਲ ਦੇ ਵੱਖ-ਵੱਖ ਵਾਰਡਾਂ ਦਾ ਦੌਰਾ ਕਰਕੇ ਮਰੀਜ਼ਾਂ ਨਾਲ ਗੱਲਬਾਤ ਵੀ ਕੀਤੀ ਤਾਂ ਕਿ ਹਸਪਤਾਲ ਵਿਚ ਸਰਕਾਰੀ ਕੰਮਕਾਜ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕੇ। ਭਗਵੰਤ ਮਾਨ ਨੇ ਡਾਕਟਰਾਂ ਤੇ ਪੈਰਾ-ਮੈਡੀਕਲ ਸਟਾਫ ਨਾਲ ਵੀ ਵਿਸਥਾਰ ਵਿਚ ਗੱਲਬਾਤ ਕਰਕੇ ਹਸਪਤਾਲ ਦੀਆਂ ਸਹੂਲਤਾਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ।

ਇਸ ਮੌਕੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਰਵੀ ਭਗਤ, ਆਈ.ਜੀ. ਡਾਕਟਰ ਐਸ. ਭੂਪਤੀ, ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ, ਐਸ.ਐਸ.ਪੀ. ਨਵਨੀਤ ਸਿੰਘ ਬੈਂਸ, ਆਪ ਨੇਤਾ ਤੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ, ਆਪ ਦੇ ਜ਼ਿਲਾ ਪ੍ਰਧਾਨ ਲਲਿਤ ਸਕਲਾਨੀ, ਮੰਜੂ ਰਾਣਾ, ਸੱਜਣ ਸਿੰਘ ਚੀਮਾ ਤੇ ਹੋਰ ਹਾਜ਼ਰ ਸਨ।

# ਬ੍ਰਿਟੇਨ ਦੇ ਗ੍ਰਹਿ ਮੰਤਰੀ ਨੇ ਪ੍ਰਵਾਸੀਆਂ ਦੀ ਘੁਸਪੈਠ ਦਾ ਕੀਤਾ ਦਾਅਵਾ, ਵਿਰੋਧੀਆਂ ਨੇ ਕੀਤਾ ਇਤਰਾਜ਼

.....ਪੰਨਾ 1 ਦਾ ਬਾਕੀ

ਇਹ ਜਾਣਨ ਦੀ ਹੱਕਦਾਰ ਹੈ ਕਿ ਕਿਹੜੀ ਪਾਰਟੀ ਗੰਭੀਰ ਹੈ ਅਤੇ ਕਿਹੜੀ ਪਾਰਟੀ ਸਾਡੇ ਦੱਖਣੀ ਤੱਟ 'ਤੇ ਸ਼ਰਨਾਰਥੀਆਂ ਨੂੰ ਰੋਕਣ ਵਿੱਚ ਨਹੀਂ ਹੈ। ਇਸ ਸਾਲ ਲਗਭਗ 40,000 ਲੋਕ ਦੱਖਣੀ ਤੱਟ 'ਤੇ ਪਹੁੰਚੇ ਹਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਅਪਰਾਧਿਕ ਗਿਰੋਹਾਂ ਦੇ ਮੈਂਬਰ ਹਨ, ਇਸ ਲਈ ਕੀ ਉਨ੍ਹਾਂ ਨੂੰ ਇਹ ਮੰਨਣਾ ਬੰਦ ਕਰ ਦੇਣਾ ਚਾਹੀਦਾ ਹੈ ਕਿ ਉਹ ਸਾਰੇ ਸ਼ਰਨਾਰਥੀ ਸੰਕਟ ਵਿਚ ਹਨ? ਸਾਰਾ ਦੇਸ਼ ਜਾਣਦਾ ਹੈ ਕਿ ਇਹ ਸਹੀ ਨਹੀਂ ਹੈ।"

ਗ੍ਰਹਿ ਵਿਭਾਗ ਵਿਚ ਉਨ੍ਹਾਂ ਦੇ ਜੂਨੀਅਰ ਮੰਤਰੀ ਇਮੀਗ੍ਰੇਸ਼ਨ ਮੰਤਰੀ ਰੌਬਰਟ ਜੇਨਰਿਕ ਨੇ ਆਪਣੇ ਬਿਆਨ ਦਾ ਬਚਾਅ ਕਰਦੇ ਹੋਏ ਕਿਹਾ ਕਿ ਬ੍ਰੇਵਰਮੈਨ ਵੱਡੀ ਗਿਣਤੀ ਵਿਚ ਸ਼ਰਨਾਰਥੀਆਂ ਬਾਰੇ ਸਹੀ ਸਨ। ਉਸਨੇ ਕਿਹਾ ਕਿ ਇੰਗਲਿਸ਼ ਚੈਨਲ ਨੂੰ ਪਾਰ ਕਰਨ ਵਾਲੇ ਲੋਕਾਂ ਨੂੰ ਘੁਸਪੈਠ ਵਜੋਂ ਦਰਸਾਉਣਾ ਚੁਣੌਤੀ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ ਅਤੇ ਇਹੀ ਹੈ ਜੋ ਬ੍ਰੇਵਰਮੈਨ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ।

ਵਿਰੋਧੀ ਲੇਬਰ ਪਾਰਟੀ ਨੇ ਗ੍ਰਹਿ ਮੰਤਰੀ 'ਤੇ ਭੜਕਾਊ ਭਾਸ਼ਾ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਅਤੇ ਸਕਾਟਿਸ਼ ਨੈਸ਼ਨਲ ਪਾਰਟੀ ਨੇ ਕਿਹਾ ਕਿ ਅਜਿਹੀ ਭਾਸ਼ਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੇ ਲੋਕਾਂ ਦੀ ਭਲਾਈ ਲਈ ਦਿਆਲੂ ਢੰਗਾਂ ਦੀ ਵਰਤੋਂ ਕਰਨ ਦੇ ਦਾਅਵੇ ਦਾ ਮਜ਼ਾਕ ਉਡਾਉਂਦੀ ਹੈ। ਬ੍ਰਿਟੇਨ ਦੀ ਰਫਿਊਜੀ ਕੌਂਸਲ ਨੇ ਵੀ ਬ੍ਰੇਵਰਮੈਨ ਦੀ ਭਾਸ਼ਾ ਦੀ ਨਿੰਦਾ ਕੀਤੀ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਵੱਲੋਂ ਬ੍ਰੇਵਰਮੈਨ ਨੂੰ ਗ੍ਰਹਿ ਮੰਤਰੀ ਨਿਯੁਕਤ ਕਰਨ ਦੇ ਫੈਸਲੇ 'ਤੇ ਸਵਾਲ ਉਠਾਏ ਗਏ ਪਰ ਸੁਨਕ ਆਪਣੇ ਫੈਸਲੇ 'ਤੇ ਅੜੇ ਰਹੇ। ਬ੍ਰੇਵਰਮੈਨ ਨੇ ਉਸੇ ਅਹੁਦੇ ਤੋਂ ਲਿਜ਼ ਟਰਸ ਦੀ ਕੈਬਨਿਟ ਤੋਂ ਅਸਤੀਫਾ ਦੇ ਦਿੱਤਾ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਬਾਬਾ ਨੰਦ ਸਿੰਘ ਜੀ ਦਾ ਜਨਮ ਦਿਨ ਬਹੁਤ ਹੀ ਸ਼ਰਧਾ ਨਾਲ ਮਨਾਇਆ





ਬਰੈਂਪਟਨ ਕੈਨੇਡਾ 01, ਨਵੰਬਰ (ਸੁਰਜੀਤ ਸਿੰਘ ਫਲੋਰਾ)- ਧੰਨ ਧੰਨ ਬਾਬਾ ਨੰਦ ਸਿੰਘ ਕਲੇਰਾਂ ਵਾਲਿਆਂ ਦਾ ਜਨਮ ਦਿਨ ਬਹੁਤ ਹੀ ਸ਼ਰਧਾਂ, ਪਿਆਰ ਅਤੇ ਸਤਿਕਾਰ ਨਾਲ ਬਰੈਂਪਟਨ ਦੇ ਗੁਰਦੁਆਰੇ ਨਾਨਕਸਰ ਟਿੰਮਬਰਲੇਨ ਤੇ ਸਥਿਤ ਵਿਖੇ ਮਨਾਇਆ ਗਿਆ। ਜੋ ਬਾਬਾ ਗੁਰ-ਦੇਵ ਸਿੰਘ ਜੀ ਭਾਈ ਕੀ ਸਮਾਧ ਦਾ ਸਥਾਨ ਹੈ।

29 ਅਗਸਤ ਨੂੰ ਸ਼ਾਮੀ ਰੱਖੇ ਹੋਏ ਪਾਠਾਂ ਦੇ ਭੋਗ ਉਪਰੰਤ ਆਰਤੀ , ਕਥਾਂ ਕੀਤਰਨ ਦੀ ਕਥਾਵਾਚਕਾਂ ਅਤੇ ਰਾਗੀਆਂ ਵਲੋਂ ਸੇਵਾ ਕੀਤੀ ਗਈ। ਭਾਈ ਸੇਵਾ ਸਿੰਘ ਹੋਰਾ ਬਾਬਾ ਨੰਦ ਸਿੰਘ ਜੀ ਦੀ ਜੀਵਨ ਵਾਰੇ ਵਚਨ ਕਰਦੇ ਹੋਏ ਕਿਹਾ ਕਿ ਨਾਨਕਸਰ ਦੇ ਉਹ ਮੋਢੀ ਸਨ , ਜਿਹਨਾਂ ਤੋਂ ਨਾਨਕਸਰ ਦੀ ਸ਼ੁਰੂਆਤ ਹੋਈ। ਬਾਬਾ ਜੀ ਦੁਨੀਆਂ ਨੂੰ ਤਾਰਨ ਆਏ ਸਨ, ਅੱਜ ਜੋ ਵੀ ਦੁਨੀਆਂ ਭਰ ਵਿਚ ਗੁਰੂਘਰ ਸਥਾਪਿਤ ਕੀਤੇ ਜਾਂਦੇ ਹਨ ਇਹਨਾਂ ਦੇ ਨਾਂ ਕਦੇ ਵੀ ਬਾਬਾ ਜੀ ਦੇ ਨਾਂ ਤੇ ਨਹੀਂ ਬੱਲਕੇ ਕੇ ਗੁਰੂ ਨਾਨਕ ਸਾਹਿਬ ਦੇ ਨਾਂ ਤੇ ਨਾਨਕਸਰ ਰੱਖਿਆਂ ਜਾਂਦਾ ਹੈ। ਭਾਈ ਸੇਵਾ ਸਿੰਘ ਹੋਰਾ ਅੱਗੇ ਬਚਨ ਕਰਦੇ ਹੋਏ ਕਿਹਾ ਕਿ ਬਾਬਾ ਜੀ ਨੇ ਗੁਰੂ ਸਾਹਿਬ ਲਈ ਇਸ ਤਰ੍ਹਾਂ ਦੀ ਮਰਿਯਾਦਾ ਚਲਾਈ ਕਿ ਜਿਥੇ ਕੋਈ ਵੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਿਆਦਬੀ ਨਾ ਕਰ ਸਕੇ।

ਉਹਨਾਂ ਨੇ ਅੱਗੇ ਬੋਲਦੇ ਹੋਰੇ ਇਹ ਵੀ ਬਚਨ ਕੀਤੇ ਕਿ ਮਹਾਂਪੁਰਖਾਂ ਦੇ ਬਚਨ ਤੇ ਨਾਨਕਸਰ ਦਾ ਵਿਸ਼ਵਾਸ਼ ਧੁਰ ਕੀ ਬਾਣੀ ਆਈ ਦਾ ਭਾਂਵ , ਜੋ ਧੁਰ ਹੈ ਉਹ ਸਾਹਿਬ ਸ੍ਰੀ ਗੁਰੂ ਨਾਨਕ ਨਿਰੰਕਾਰ ਹੀ ਹਨ , ਨਾ ਕੁਝ ਉਸ ਤੋਂ ਅੱਗੇ ਹੈ ਨਾ ਪਿੱਛੇਂ।

ਬਾਬਾ ਜੀ ਦੇ ਪਿਛੋਕੜ ਵੱਲ ਝਾਂਤ ਮਾਰੀਏ ਤਾਂ , ਬਾਬਾ ਨੰਦ ਸਿੰਘ ਜੀ ਦਾ ਅਤੇ ਨਾਨਕਸਰ ਗੁਰੂਘਰ ਦਾ ਇਤਿਹਾਸ ਕੋਈ ਅੱਜ ਤੋਂ 100 ਸਾਲ ਪਹਿਲਾਂ ਦਾ ਹੈ। ਗੁਰਦੁਆਰਾ ਸ੍ਰੀ ਨਾਨਕਸਰ ਕਲੇਰਾਂ ਜਗਰਾਉ ਤੋਂ ਫਿਰੋਜ਼ਪੁਰ ਨੂੰ ਜਾਂਦੀ ਸੜਕ ਉਪਰ ਪੈਂਦੇ ਕਬਸੇ ਜਗਰਾਉ ਤੋਂ ਕੋਈ ਤਿੰਨ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਜਿਸ ਨੂੰ ਸਿੱਖ ਜਗਤ ਦੇ ਮਹਾਨ ਅਤੇ ਪੂਰਨ ਬ੍ਰਹਮ ਗਿਆਨੀ ਬਾਬਾ ਨੰਦ ਸਿੰਘ ਜੀ ਦੀ ਛੂਹ ਪ੍ਰਾਪਤ ਹੈ। ਬਾਬਾ ਜੀ ਨਾਮ ਸਿਮਰਨ ਦੀ ਪ੍ਰਤਖ ਸਾਬਿਤ ਸੂਰਤ ਮੂਰਤ ਸਨ। ਆਪ ਜੀ ਨੇ ਲੱਖਾ ਹੀ ਪ੍ਰਾਣੀਆਂ ਨੂੰ ਪ੍ਰੇਰਣਾ ਦੇ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ । ਸਨ 1943 ਵਿਚ ਬਾਬਾ ਜੀ ਦੇ ਚੋਲਾ ਬਦਲਣ ਉਪਰੰਤ ਬਾਬਾ ਈਸ਼ਰ ਸਿੰਘ ਜੀ ਨੇ 1963 ਇਸ ਸਥਾਨ ਦੀਆਂ ਰੂਹਾਨੀ ਪ੍ਰਮਪ੍ਰਾਵਾਂ ਨੂੰ ਅੱਗੇ ਤੋਰਿਆਂ।

ਅੱਜ ਉਹਨਾਂ ਤੋਂ ਹੀ ਵਰਸਾਏ ਹੋਏ ਬਾਬਾ ਗੁਰਦੇਵ ਸਿੰਘ ਜੀ ਦੇ ਸਥਾਨ ਬਰੈਂਪਟਨ ਨਾਨਕਸਰ ਗੁਰੂਘਰ ਵਿਖੇ ਬਾਬਾ ਜੀ ਦੇ ਜਨਮ ਦਿਨ ਤੇ ਇਕੱਠੇ ਹੋ ਕੇ ਉਹਨਾਂ ਨੂੰ ਯਾਦ ਕੀਤਾ ਗਿਆ। ਉਹਨਾਂ ਦੇ ਵਚਨਾਂ ਨੂੰ ਤਾਜ਼ਾ ਕੀਤਾ। ਉਹਨਾਂ ਦੇ ਵਚਨਾਂ ਤੇ ਚੱਲਣ ਤੇ ਧੁਰ ਕੀ ਬਾਣੀ ਨਾਲ ਜੁੜਨ ਦਾ ਪ੍ਰਣ ਕੀਤਾ। ਆਖਿਰ ਗੁਰੁ ਘਰ ਦੇ ਪ੍ਰਬੰਦਕਾਂ ਵਲੋਂ ਸਭ ਆਈ ਸਰਬੱਤ ਸੰਗਤ ਦਾ ਧੰਨਵਾਦ ਕੀਤਾ ਗਿਆ।

## ਬਰੈਂਪਟਨ, ਮਿਸੀਸਾਗਾ, ਸਕਾਰਬਰੋ, ਕੈਂਬਰਿਜ ਵਿਚ ਲਾਈਫ਼-ਸਰਟੀਫ਼ੀਕੇਟ ਬਨਾਉਣ ਲਈ ਕੈਂਪ 5 ਨਵੰਬਰ ਤੋਂ ...

ਬਰੈਂਪਟਨ, (ਡਾ. ਝੰਡ) -ਨਵੰਬਰ ਮਹੀਨਾ ਚੜ੍ਹ ਪਿਆ ਹੈ ਅਤੇ ਇਸ ਮਹੀਨੇ ਹਰ ਸਾਲ ਭਾਰਤ ਵਿਚ ਪੈਨਸ਼ਨ ਲੈਣ ਵਾਲਿਆਂ ਦੇ ਲਾਈਫ਼-ਸਰਟੀਫ਼ੀਕੇਟ ਬਣਦੇ ਹਨ ਜੋ ਉਨ੍ਹਾਂ ਵੱਲੋਂ ਜਿਊਂਦੇ-ਜਾਗਦੇ ਹੋਣ ਦੇ ਸਬੂਤ ਵਜੋਂ ਭਾਰਤ ਆਪਣੇ ਬੈਂਕਾਂ ਜਾਂ ਸਬੰਧਿਤ ਅਦਾਰਿਆਂ ਨੂੰ ਭੇਜੇ ਜਾਂਦੇ ਹਨ। ਅਜਿਹੇ ਕੈਂਪ ਭਾਰਤੀ ਕੌਂਸਲੇਟ ਜਨਰਲ ਟੋਰਾਂਟੋ ਦੇ ਦਫ਼ਤਰ ਵੱਲੋਂ ਇਸ ਸਾਲ 5 ਨਵੰਬਰ ਤੋਂ 27 ਨਵੰਬਰ ਤੱਕ ਬਰੈਂਪਟਨ, ਮਿਸੀਸਾਗਾ, ਸਕਾਰਬਰੋ ਅਤੇ ਕੈਂਬਰਿਜ ਸ਼ਹਿਰਾਂ ਵਿਚ ਸ਼ਨੀਵਾਰ ਤੇ ਐਤਵਾਰ ਦੇ ਦਿਨਾਂ ਵਿਚ ਸਵੇਰੇ 10.00 ਵਜੇ ਤੋਂ ਬਾਅਦ ਦੁਪਹਿਰ ਦੋ ਵਜੇ ਜਾਂ ਢਾਈ ਵਜੇ ਤੀਕ ਲਗਾਏ ਜਾ ਰਹੇ ਹਨ।

ਇਨ੍ਹਾਂ ਵਿੱਚੋਂ ਪੰਜ ਕੈਂਪ ਬਰੈਂਪਟਨ ਵਿੱਚ ਲਗਾਏ ਜਾਣਗੇ ਜਿਨ੍ਹਾਂ ਵਿੱਚ 5 ਅਤੇ 19 ਨਵੰਬਰ ਨੂੰ ਦੋ ਕੈਂਪ ਨਾਨਕਸਰ ਗੁਰਦੁ-ਆਰਾ ਸਾਹਿਬ (64 ਟਿੰਬਰਲੇਨ) ਵਿਖੇ ਅਤੇ ਇੱਕ 6 ਨਵੰਬਰ ਨੂੰ ਹਿੰਦੂ ਸਭਾ ਮੰਦਰ (ਗੋਰ ਰੋਡ) ਵਿਖੇ ਸਵੇਰੇ 10.00 ਵਜੇ ਤੋਂ ਬਾਅਦ ਦੁਪਹਿਰ 2.30 ਵਜੇ ਤੱਕ ਲੱਗਣਗੇ। ਇੱਕ ਕੈਂਪ ਬਰੈਂਪਟਨ ਦੇ ਸੂਸਨ ਫ਼ੈਨਲ ਸਪੋਰਟਸ ਸੈਂਟਰ (500 ਰੇਅਲਾ-ਸਨ ਬੁਲੇਵਾਰਡ) ਵਿਖੇ 12 ਨਵੰਬਰ ਨੂੰ ਅਤੇ ਇੱਕ ਹੋਰ 13 ਨਵੰਬਰ ਨੂੰ ਸਿੱਖ ਹੈਰੀਟੇਜ ਸੈਂਟਰ ਗੁਰਦੁਆਰਾ ਸਾਹਿਬ (ਏਅਰਪੋਰਟ ਰੋਡ ਤੇ ਮੇਅਫ਼ੀਲਡ ਰੋਡ) ਵਿਖੇ ਸਵੇਰੇ 10.30 ਵਜੇ ਤੋਂ ਬਾਅਦ ਦੁਪਹਿਰ 2.00 ਵਜੇ ਤੱਕ ਲਗਾਇਆ ਜਾ ਰਿਹਾ ਹੈ।

ਦੋ ਕੈਂਪ ਮਿਸੀਸਾਗਾ ਵਿਚ 20 ਅਤੇ 27 ਨਵੰਬਰ ਨੂੰ ਸਵੇਰੇ 10.00 ਵਜੇ ਤੋਂ 2.30 ਵਜੇ ਤੱਕ ਹਿੰਦੂ ਹੈਰੀਟੇਜ ਸੈਂਟਰ, ਮਿਸੀਸਾਗਾ ਰੋਡ ਵਿਖੇ ਲਗਾਏ ਜਾਣਗੇ ਅਤੇ ਇਕ ਲਕਸ਼ਮੀ ਨਰਾਇਣ ਮੰਦਰ ਸਕਾਰਬਰੋ ਵਿਖੇ 26 ਨਵੰਬਰ ਨੂੰ ਲਗਾਇਆ ਜਾਏਗਾ। ਅਜਿਹਾ ਹੀ ਇੱਕ ਹੋਰ ਕੈਂਪ 13 ਨਵੰਬਰ ਨੂੰ ਕੈਂਬਰਿਜ ਦੇ ਗੁਰਦੁਆਰਾ ਸਿੰਘ ਸਭਾ ਵਿਚ ਵੀ ਬਾਅਦ ਦੁਪਹਿਰ 2.00 ਵਜੇ ਤੋਂ 4.30 ਵਜੇ ਤੀਕ ਲਗਾਇਆ ਜਾ ਰਿਹਾ ਹੈ। ਇਹ ਲਾਈਫ਼-ਸਰਟੀਫ਼ੀਕੇਟ ਪ੍ਰਾਪਤ ਕਰਨ ਦੇ ਚਾਹਵਾਨ ਵਿਅੱਕਤੀ ਉਪਰੋਕਤ ਵਰਨਣ ਸਥਾਂਨਾਂ 'ਤੇ ਸਮੇਂ ਸਿਰ ਪਹੁੰਚ ਕੇ ਭਾਰਤੀ ਕੌਂਸਲੇਟ ਜਨਰਲ ਦੇ ਦਫ਼ਤਰ ਵੱਲੋਂ ਦਿੱਤੀ ਜਾ ਰਹੀ ਇਸ ਮੁਫ਼ਤ ਸੁਵਿਧਾ ਦਾ ਲਾਭ ਉਠਾ ਸਕਦੇ ਹਨ। ਲਾਈਫ਼-ਸਰਟੀਫ਼ੀਕੇਟ ਫ਼ਾਰਮ ਕੌਂਸਲੇਟ ਜਨਰਲ ਆਫ਼ਿਸ ਦੀ ਵੈੱਬਸਾਈਟ ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ। ਉਜ, ਇਹ ਛਪੇ ਹੋਏ ਫ਼ਾਰਮ ਉਪਰੋਕਤ ਵਰਨਣ ਸਥਾਨਾਂ 'ਤੇ ਵੀ ਵਾਲੰਟੀਅਰਾਂ ਵੱਲੋਂ ਵੀ ਮੁਫ਼ਤ ਉਪਲੱਬਧ ਕਰਵਾਏ ਜਾਂਦੇ ਹਨ।

# ਅਮਰੀਕਾ ਦੇ ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਸਿਨਸਿਨਾਟੀ, ਓਹਾਇਓ 01 ਨਵੰਬਰ (ਪੋਸਟ ਬਿਊਰੋ): ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਦੇ ਗੁਰਦੂਆਰਾ ਸਾਹਿਬ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਵਿਖੇ ਸਿੱਖ ਇਤਿਹਾਸ ਦੀ ਮਹਾਨ ਸ਼ਖਸੀਅਤ ਬ੍ਰਹਮ ਗਿਆਨੀ ਧੰਨ ਧੰਨ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਬਾਬਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅਖੰਡ ਪਾਠ ਤੋਂ ਇਲਾਵਾ ਚਾਰ ਦਿਨ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਗਏ।







ਇਸ ਵਿੱਚ ਵਿਸ਼ੇਸ਼ ਤੋਰ ਤੇ ਪਹੁੰਚੇ ਸਿੱਖ ਪੱਥ ਦੇ ਮਹਾਨ ਕੀਰਤਨੀਏ ਭਾਈ ਹਰਚਰਨ ਸਿੰਘ ਜੀ ਖਾਲਸਾ, ਹਜੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਬੂਟਾ ਸਿੰਘ ਅਤੇ ਭਾਈ ਮਨਜੀਤ ਸਿੰਘ ਜੀ ਦੇ ਜੱਥੇ ਨੇ ਰੱਸ ਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਦੂਆਰਾ ਸਾਹਿਬ ਦੇ ਕੀਰਤਨੀ ਜੱਥੇ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ, ਭਾਈ ਜੀਤ ਸਿੰਘ ਅਤੇ ਭਾਈ ਨਿਰਮਲ ਸਿੰਘ ਜੀ ਦੇ ਰਾਗੀ ਜੱਥੇ ਨੇ ਵੀ ਸ਼ਬਦ ਕੀਰਤਨ ਗਾਇਨ ਕੀਤਾ। ਭਾਈ ਅਮਰੀਕ ਸਿੰਘ ਜੀ ਨੇ ਬਾਬਾ ਜੀ ਦੇ ਜੀਵਨ ਤੇ ਇਤਿਹਾਸ ਬਾਰੇ ਆਈ ਸੰਗਤ ਨੂੰ ਜਾਣਕਾਰੀ ਦਿੱਤੀ।

ਬਾਬਾ ਬੁੱਢਾ ਜੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਪਹਿਲੇ ਹੈੱਡ ਗ੍ਰੰਥੀ ਸਨ। ਬਾਬਾ ਜੀ ਨੂੰ 5 ਗੁਰੂਆਂ ਨੂੰ ਗੁਰਿਆਈ ਤਿਲਕ ਲਗਾਉਣ ਅਤੇ ਛੇ ਗੁਰੂ ਸਾਹਿਬਾਨ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੈ। ਭਾਈ ਹਰਚਰਨ ਸਿੰਘ ਜੀ ਦੇ ਜੱਥੇ ਨੂੰ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਸਿਰੋਪਾਓ ਨਾਲ ਸਨਮਾਨਿਤ ਕੀਤਾ।

ਇਹਨਾਂ ਵਿਸ਼ੇਸ਼ ਸਮਾਗਮਾਂ ਵਿੱਚ ਸਿਨਸਿਨਾਟੀ ਦੇ ਲਾਗਲੇ ਸ਼ਹਿਰਾਂ ਡੇਟਨ, ਕੋਲੰਬਸ ਤੋਂ ਇਲਾਵਾ ਨਾਲ ਲੱਗਦੇ ਸੂਬੇ ਕੈਨਟੱਕੀ, ਇੰਡੀਆਣਾ ਤੋਂ ਵੀ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ। ਗੁਰਦੁਆਰਾ ਸਾਹਿਬ ਵਿਖੇ ਫੁੱਲਾਂ ਦੀ ਸਜਾਵਟ ਵੀ ਕੀਤੀ ਗਈ। ਇਸ ਦੋਰਾਨ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਇਹਨਾਂ ਵਿਸ਼ੇਸ਼ ਸਮਾਗਮਾਂ ਲਈ ਸੇਵਾਦਾਰਾਂ ਅਤੇ ਸੰਗਤ ਦਾ ਧੰਨਵਾਦ ਕੀਤਾ ਗਿਆ।










# ਸੁਪਰੀਮ ਕੋਰਟ ਮੋਰਬੀ ਪੁਲ ਹਾਦਸੇ ਦੀ ਨਿਆਂਇਕ ਜਾਂਚ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਸੁਣਵਾਈ ਕਰੇਗਾ



ਨਵੀਂ ਦਿੱਲੀ, 01 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ 14 ਨਵੰਬਰ ਨੂੰ ਗੁਜਰਾਤ ਦੇ ਮੋਰਬੀ ਵਿੱਚ ਪੁਲ ਡਿੱਗਣ ਦੀ ਘਟਨਾ ਦੀ ਜਾਂਚ ਲਈ ਨਿਆਂਇਕ ਕਮਿਸ਼ਨ ਦੇ ਗਠਨ ਬਾਰੇ ਇੱਕ ਜਨਹਿਤ ਪਟੀਸ਼ਨ ਦੀ ਸੁਣਵਾਈ ਕਰੇਗੀ। ਜ਼ਿਕਰਯੋਗ ਹੈ ਕਿ ਮੋਰਬੀ 'ਚ ਮੱਛੂ ਨਦੀ 'ਤੇ ਬਣਿਆ ਬ੍ਰਿਟਿਸ਼ ਦੌਰ ਦਾ ਪੁਲ ਐਤਵਾਰ ਨੂੰ ਢਹਿ ਗਿਆ ਸੀ। ਤਾਜ਼ਾ ਖ਼ਬਰਾਂ ਅਨੁਸਾਰ ਇਸ ਹਾਦਸੇ ਵਿਚ 134 ਲੋਕਾਂ ਦੀ ਮੌਤ ਹੋ ਗਈ ਹੈ। ਚੀਫ਼ ਜਸਟਿਸ ਉਦੈ ਉਮੇਸ਼ ਲਲਿਤ ਅਤੇ ਜਸਟਿਸ ਬੇਲਾ ਐਮ. ਤ੍ਰਿਵੇਦੀ ਦੇ ਬੈਂਚ ਦੇ ਸਾਹ-ਮਣੇ ਵਕੀਲ ਵਿਸ਼ਾਲ ਤਿਵਾੜੀ ਨੇ ਕਿਹਾ ਕਿ ਉਨ੍ਹਾਂ ਦੀ ਜਨਹਿਤ ਪਟੀਸ਼ਨ 'ਤੇ ਤੁਰੰਤ ਸੁਣਵਾਈ ਹੋਣੀ ਚਾਹੀਦੀ ਹੈ। ਇਸ 'ਤੇ ਬੈਂਚ ਨੇ ਕਿਹਾ ਕਿ ਤੁਸੀਂ ਕੀ ਚਾਹੁੰਦੇ ਹੋ? ਵਕੀਲ ਨੇ ਕਿਹਾ, "ਮੈਂ ਨਿਆਂਇਕ ਜਾਂਚ ਲਈ ਸੁਪਰੀਮ ਕੋਰਟ ਦੇ ਸਾਬਕਾ ਜੱਜ ਦੀ ਅਗਵਾਈ ਵਾਲੇ ਕਮਿਸ਼ਨ ਨੂੰ ਅਪੀਲ ਕਰ ਰਿਹਾ ਹਾਂ।" ਬੈਂਚ ਨੇ ਕਿਹਾ ਕਿ ਜਨਹਿਤ ਪਟੀਸ਼ਨ 14 ਨਵੰਬਰ ਨੂੰ ਸੁਣਵਾਈ ਲਈ ਸੂਚੀਬੱਧ ਕੀਤੀ ਜਾਵੇਗੀ।

ਤਿਵਾੜੀ ਨੇ ਜਨਹਿਤ ਪਟੀਸ਼ਨ 'ਚ ਕਿਹਾ ਕਿ ਹਾਦਸੇ ਕਾਰਨ ਪੁਲ ਢਹਿ ਗਿਆ, ਜਿਸ ਕਾਰਨ 134 ਤੋਂ ਵੱਧ ਲੋਕ ਮਾਰੇ ਗਏ। ਇਹ ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਅਤੇ ਪੂਰੀ ਤਰ੍ਹਾਂ ਨਾਲ ਨਾਕਾਮੀ ਨੂੰ ਦਰਸਾਉਂਦਾ ਹੈ। ਜਨਹਿਤ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਇੱਕ ਦਹਾਕੇ ਵਿੱਚ ਸਾਡੇ ਦੇਸ਼ ਵਿੱਚ ਅਜਿਹੀਆਂ ਕਈ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿੱਚ ਕੁਪ੍ਰਬੰਧ, ਕੰਮ ਵਿੱਚ ਕੁਤਾਹੀ ਅਤੇ ਲਾਪਰਵਾਹੀ ਕਾਰਨ ਵੱਡੀ ਗਿਣਤੀ ਵਿੱਚ ਲੋਕਾਂ ਦੀ ਮੌਤ ਹੋਈ ਹੈ। ਰੱਖ-ਰਖਾਅ ਵਿੱਚ ਜਾਨੀ ਨੁਕਸਾਨ ਦੇ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਨੂੰ ਟਾਲਿਆ ਜਾ ਸਕਦਾ ਸੀ।

ਰਾਜ ਦੀ ਰਾਜਧਾਨੀ ਗਾਂਧੀਨਗਰ ਤੋਂ ਲਗਭਗ 300 ਕਿਲੋਮੀਟਰ ਦੂਰ ਸਥਿਤ ਮੋਰਬੀ ਵਿੱਚ ਮਾਛੂ ਨਦੀ ਉੱਤੇ ਇੱਕ ਸਦੀ ਤੋਂ ਵੱਧ ਪੁਰਾਣਾ ਪੁਲ ਪੰਜ ਦਿਨ ਪਹਿਲਾਂ ਵਿਆਪਕ ਮੁਰੰਮਤ ਅਤੇ ਮੁਰੰਮਤ ਤੋਂ ਬਾਅਦ ਮੁੜ ਖੋਲ੍ਹਿਆ ਗਿਆ ਸੀ। 30 ਅਕਤੂਬਰ ਨੂੰ ਸ਼ਾਮ ਕਰੀਬ 6.30 ਵਜੇ ਜਦੋਂ ਇਹ ਡਿੱਗੀ ਤਾਂ ਇਹ ਲੋਕਾਂ ਨਾਲ ਖਚਾਖਚ ਭਰੀ ਹੋਈ ਸੀ। ਪਟੀਸ਼ਨ ਵਿੱਚ ਰਾਜਾਂ ਨੂੰ ਖ਼ਤਰੇ ਦਾ ਸਾਹਮਣਾ ਕਰ ਰਹੇ ਸਮਾਰਕਾਂ ਅਤੇ ਪੁਲਾਂ ਦਾ ਸਰਵੇਖਣ ਅਤੇ ਮੁਲਾਂਕਣ ਕਰਨ ਲਈ ਇੱਕ ਕਮੇਟੀ ਗਠਿਤ ਕਰਨ ਅਤੇ ਉਸਾਰੀ ਦੁਰਘਟਨਾ ਜਾਂਚ ਵਿਭਾਗ ਦਾ ਗਠਨ ਕਰਨ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ ਤਾਂ ਜੋ ਜਦੋਂ ਵੀ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਤੇਜ਼ੀ ਨਾਲ ਜਾਂਚ ਕੀਤੀ ਜਾ ਸਕੇ।

# ਤੂਫਾਨ ਕਾਰਨ ਫਿਲੀਪੀਨਜ਼ ਵਿੱਚ 132 ਲੋਕਾਂ ਦੀ ਮੌਤ, ਕਈ ਹਿੱਸਿਆਂ 'ਚ ਆਇਆ ਹੜ੍ਹ



ਮਨੀਲਾ, 01 ਨਵੰਬਰ (ਪੋਸਟ ਬਿਊਰੋ)- ਫਿਲੀਪੀਨਜ਼ ਵਿੱਚ ਗਰਮ ਤੂਫ਼ਾਨ ਨਾਲਗੇ ਨੇ ਹੁਣ ਤੱਕ 132 ਲੋਕਾਂ ਦੀ ਜਾਨ ਲੈ ਲਈ ਹੈ। ਫਿਲੀਪੀਨਜ਼ ਸਰਕਾਰ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਤੂਫਾਨ ਨਾਲਗੇ ਫਿਲੀਪੀਨਜ਼ ਨੂੰ ਮਾਰਨ ਵਾਲੇ ਸਭ ਤੋਂ ਵਿਨਾਸ਼ਕਾਰੀ ਚੱਕਰਵਾਤਾਂ ਵਿੱਚੋਂ ਇੱਕ ਹੈ, ਜਿਸ ਨਾਲ ਦੱਖਣ-ਪੂਰਬੀ ਏਸ਼ੀਆਈ ਦੇਸ਼ ਦੇ ਕਈ ਹਿੱਸਿਆਂ ਵਿੱਚ ਅਚਾਨਕ ਹੜ੍ਹ ਅਤੇ ਲੈਂਡਫਾਲ ਹੋਇਆ ਹੈ। ਸਿਵਲ ਡਿਫੈਂਸ ਦਫਤਰ ਦੀ ਜਾਣਕਾਰੀ ਮੁਤਾਬਕ ਸੋਮਵਾਰ ਤੱਕ ਤੂਫਾਨ ਕਾਰਨ ਘੱਟੋ-ਘੱਟ 132 ਲੋਕਾਂ ਦੀ ਮੌਤ ਹੋ ਚੁੱਕੀ ਹੈ।

ਨੈਸ਼ਨਲ ਕਾਉਂਸਲ ਫਾਰ ਡਿਜ਼ਾਸਟਰ ਰਿਸਕ ਰਿਡਕਸ਼ਨ ਐਂਡ ਮੈਨੇਜਮੈਂਟ ਨੇ ਹੁਣ ਤੱਕ 110 ਮੌਤਾਂ ਦਾ ਮੁਲਾਂਕਣ ਕੀਤਾ ਹੈ, ਜਿਨ੍ਹਾਂ ਵਿੱਚੋਂ 79 ਲੋਕਾਂ ਦੀ ਪਛਾਣ ਕੀਤੀ ਜਾ ਚੁੱਕੀ ਹੈ ਜਦਕਿ 31 ਦੀ ਪਛਾਣ ਕੀਤੀ ਜਾ ਰਹੀ ਹੈ। ਏਜੰਸੀ ਨੇ 33 ਵਿੱਚੋਂ 23 ਲਾਪਤਾ ਲੋਕਾਂ ਦੀ ਪੁਸ਼ਟੀ ਕੀਤੀ ਹੈ ਜਦਕਿ ਬਾਕੀ 10 ਦੀ ਪਛਾਣ ਜਾਰੀ ਹੈ। ਏਜੰਸੀ ਨੇ ਕਿਹਾ ਕਿ ਦੱਖਣੀ ਫਿਲੀਪੀਨਜ਼ ਦੇ ਮੁਸਲਿਮ ਮਿੰਡਾਨਾਓ ਵਿੱਚ ਇੱਕ ਸਵੈ-ਸ਼ਾਸਨ ਵਾਲੇ ਖੇਤਰ ਬੈਂਗਸਾਮੋਰੋ ਵਿੱਚ 57 ਲੋਕ ਮਾਰੇ ਗਏ ਅਤੇ ਘੱਟੋ-ਘੱਟ 16 ਲਾਪਤਾ ਹਨ। ਏਜੰਸੀ ਨੇ ਕਿਹਾ ਕਿ ਗਰਮ ਤੂਫਾਨ ਨੇ 2.4 ਮਿਲੀਅਨ ਤੋਂ ਵੱਧ ਲੋਕ ਪ੍ਰਭਾਵਿਤ ਕੀਤੇ, 364 ਸੜਕਾਂ ਅਤੇ 82 ਪੁਲਾਂ ਨੂੰ ਨੁਕਸਾਨ ਪਹੁੰਚ-ਾਇਆ ਅਤੇ ਕਈ ਖੇਤਰਾਂ ਵਿੱਚ ਬਿਜਲੀ ਸਪਲਾਈ ਪ੍ਰਭਾਵਿਤ ਹੋਈ।

ਤੂਫਾਨ ਨਾਲਗੇ, ਇਸ ਸਾਲ ਫਿਲੀਪੀਨਜ਼ ਨੂੰ ਮਾਰਨ ਵਾਲਾ 16ਵਾਂ ਗਰਮ ਤੂਫਾਨ, ਸ਼ਨੀਵਾਰ ਸਵੇਰੇ ਬੀਕੋਲ ਖੇਤਰ ਦੇ ਇੱਕ ਟਾਪੂ ਸੂਬੇ ਕੈਟੈਂਡੁਆਨੇਸ ਵਿੱਚ ਟਕਰਾਇਆ। ਇਸ ਸਾਲ ਜੁਲਾਈ ਵਿੱਚ ਹੀ ਫਿਲੀਪੀਨਜ਼ ਦੇ ਉੱਤਰੀ ਹਿੱਸੇ ਵਿੱਚ ਇੱਕ ਵੱਡੇ ਭੂਚਾਲ ਤੋਂ ਬਾਅਦ ਸੈਂਕੜੇ ਛੋਟੇ ਝਟਕੇ ਮਹਿਸੂਸ ਕੀਤੇ ਗਏ ਸਨ। ਡਰੇ ਹੋਏ ਲੋਕਾਂ ਨੇ ਘਰ ਦੇ ਬਾਹਰ ਰਾਤ ਕੱਟੀ। ਰਾਸ਼ਟਰਪਤੀ ਫਰਡੀਨੈਂਡ ਮਾਰਕੋਸ ਜੂਨੀਅਰ ਨੇ ਖੇਤਰ ਵਿੱਚ ਹੋਏ ਨੁਕਸਾਨ ਦਾ ਜਾਇਜ਼ਾ ਲਿਆ। ਉੱਤਰੀ ਫਿਲੀਪੀਨਜ਼ ਦੇ ਇੱਕ ਘੱਟ ਆਬਾਦੀ ਵਾਲੇ ਖੇਤਰ ਅਬਰਾ ਵਿੱਚ ਰਿਕਟਰ ਪੈਮਾਨੇ 'ਤੇ 7 ਦੀ ਤੀਬਰਤਾ ਵਾਲੇ ਭੂਚਾਲ ਵਿੱਚ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ 150 ਤੋਂ ਵੱਧ ਜ਼ਖਮੀ ਹੋ ਗਏ।

## ਈਰਾਨ ਨੇ ਅਮਰੀਕੀ ਖੁਫੀਆ ਏਜੰਸੀ 'ਤੇ ਲਗਾਈ ਪਾਬੰਦੀ, 10 ਅਮਰੀਕੀ ਨਾਗਰਿਕਾਂ 'ਤੇ ਵੀ ਲਗਾਈ ਪਾਬੰਦੀ




ਤਹਿਰਾਨ, 01 ਨਵੰਬਰ (ਪੋਸਟ ਬਿਊਰੋ)- ਈਰਾਨ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਈਰਾਨ ਦੇ ਅੰਦਰੂਨੀ ਮਾਮਲਿਆਂ 'ਚ ਦਖਲ ਦੇਣ ਅਤੇ ਈਰਾਨ 'ਚ ਹਿੰਸਾ ਅਤੇ ਦੰਗੇ ਭੜਕਾਉਣ ਦਾ ਹਵਾਲਾ ਦਿੰਦੇ ਹੋਏ 10 ਅਮਰੀਕੀ ਨਾਗਰਿਕਾਂ ਅਤੇ ਚਾਰ ਸੰਸਥਾਵਾਂ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਜਾਣਕਾਰੀ ਈਰਾਨ ਦੇ ਵਿਦੇਸ਼ ਮੰਤਰਾਲੇ ਨੇ ਦਿੱਤੀ ਹੈ। ਮੰਤਰਾਲੇ ਨੇ ਸੋਮਵਾਰ ਨੂੰ ਆਪਣੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਇਕ ਬਿਆਨ ਵਿਚ ਕਿਹਾ ਕਿ ਪਾਬੰਦੀਆਂ ਈਰਾਨੀ ਅਧਿਕਾਰੀਆਂ ਦੁਆਰਾ ਅਮਰੀਕੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਨਾਲ-ਨਾਲ "ਖਿੱਤੇ ਵਿਚ ਦਲੇਰ ਅਤੇ ਅੱਤਵਾਦੀ ਕਦਮਾਂ" ਦਾ ਮੁਕਾਬਲਾ ਕਰਨ ਲਈ ਅਪਣਾਏ ਗਏ ਕਾਨੂੰਨ 'ਤੇ ਆਧਾਰਿਤ ਹਨ।

ਈਰਾਨ ਦੁਆਰਾ ਪਾਬੰਦੀਸ਼ੁਦਾ ਅਮਰੀਕੀ ਨਾਗਰਿਕਾਂ ਵਿੱਚ ਯੂਐਸ ਸੈਂਟਰਲ ਕਮਾਂਡ ਦੇ ਕਮਾਂਡਰ ਮਾਈਕਲ ਕੁਰਿੱਲਾ, ਸੈਂਟਰਲ ਕਮਾਂਡ ਦੇ ਡਿਪਟੀ ਕਮਾਂਡਰ ਗ੍ਰੈਗਰੀ ਗਿਲੋਟ, ਯੂਐਸ ਦੇ ਖਜ਼ਾਨਾ ਵਿਭਾਗ ਦੇ ਉਪ ਸਕੱਤਰ ਵੈਲੀ ਅਡੇਮੋ ਅਤੇ ਹੋਰ ਸ਼ਾਮਲ ਹਨ।

ਜਿਨ੍ਹਾਂ ਅਮਰੀਕੀ ਸੰਸਥਾਵਾਂ 'ਤੇ ਈਰਾਨ 'ਤੇ ਪਾਬੰਦੀ ਲਗਾਈ ਗਈ ਹੈ, ਉਨ੍ਹਾਂ 'ਚ ਯੂਨਾਈਟਿਡ ਅਗੇਂਸਟ ਨਿਊਕਲੀਅਰ ਈਰਾਨ, ਸੈਂਟਰਲ ਇੰਟੈਲੀਜੈਂਸ ਏਜੰਸੀ, ਨੌਂਵੀਂ ਏਅਰ ਫੋਰਸ ਅਤੇ ਅਮਰੀਕਾ ਦੀ ਨੈਸ਼ਨਲ ਗਾਰਡ ਸ਼ਾਮਲ ਹਨ। ਇਸ ਪਾਬੰਦੀ ਤੋਂ ਬਾਅਦ, ਨਿਸ਼ਾਨਾ ਬਣਾਏ ਗਏ ਵਿਅਕਤੀਆਂ ਦੇ ਵੀਜ਼ਾ ਪ੍ਰਾਪਤ ਕਰਨ ਅਤੇ ਈਰਾਨ ਵਿਚ ਦਾਖਲ ਹੋਣ 'ਤੇ ਪਾਬੰਦੀ ਲਗਾਈ ਜਾਵੇਗੀ, ਨਾਲ ਹੀ ਈਰਾਨ ਦੇ ਅੰਦਰ ਉਨ੍ਹਾਂ ਦੀਆਂ ਜਾਇਦਾਦਾਂ ਅਤੇ ਬੈਂਕ ਖਾਤਿਆਂ ਨੂੰ ਵੀ ਫ੍ਰੀਜ਼ ਕਰ ਦਿੱਤਾ ਜਾਵੇਗਾ।

# ਟਵਿਟਰ ਉਤੇ ਬਲੂ ਟਿਕ ਲਈ ਹੁਣ ਦੇਣੇ ਹੋਣਗੇ ਹਰ ਮਹੀਨੇ 8 ਡਾਲਰ

* ਐਲੋਨ ਮਸਕ ਨੇ ਟਵੀਟ ਕੀਤਾ, "ਲੋਕਾਂ ਨੂੰ ਸ਼ਕਤੀ ਮਿਲੇਗੀ!

ਨਵੀਂ ਦਿੱਲੀ, 01 ਨਵੰਬਰ (ਪੋਸਟ ਬਿਊਰੋ)- ਬਿਜ਼ਨਸ ਟਾਈਕੂਨ ਐਲੋਨ ਮਸਕ ਨੇ ਟਵਿੱਟਰ ਦੀ 'ਬਲੂ ਟਿੱਕ' ਫੀਸ ਬਾਰੇ ਖੁਲਾਸਾ ਕਰਦੇ ਹੋਏ ਕਿਹਾ ਹੈ ਕਿ ਇਸ ਲਈ ਹਰ ਮਹੀਨੇ 8 ਡਾਲਰ ਦੀ ਰਕਮ ਅਦਾ ਕਰਨੀ ਪਵੇਗੀ। ਇਹ ਜਾਣਕਾਰੀ ਦਿੰਦਿਆਂ ਉਨ੍ਹਾਂ ਬਲੂ ਟਿੱਕ ਨੂੰ ਲੋਕਾਂ ਲਈ ਵੱਡੀ ਤਾਕਤ ਦੱਸਿਆ। ਇਸ ਦੇ ਨਾਲ, ਉਸਨੇ ਬਲੂ ਟਿੱਕ ਲਈ ਭੁਗਤਾਨ ਕਰਨ ਦੇ ਫਾਇਦਿਆਂ ਦੀ ਵੀ ਗਿਣਤੀ ਕੀਤੀ।

ਉਨ੍ਹਾਂ ਨੇ ਲਿਖਿਆ ਕਿ ਬਲੂ ਟਿੱਕ ਨੂੰ ਸਬੰਧਤ ਦੇਸ਼ ਦੀ ਖਰੀਦ ਸ਼ਕਤੀ ਦੇ ਹਿਸਾਬ ਨਾਲ ਚਾਰਜ ਕੀਤਾ ਜਾਵੇਗਾ। ਇਸ ਦੇ ਲਾਭਾਂ ਨੂੰ ਗਿਣਦੇ ਹੋਏ ਮਸਕ ਨੇ ਟਵੀਟ ਵਿੱਚ ਲਿਖਿਆ, ਇਹ ਤੁਹਾਨੂੰ ਜਵਾਬ, ਜ਼ਿਕਰ ਅਤੇ ਖੋਜ ਵਿਚ ਤਰਜੀਹ ਦੇਵੇਗਾ, ਜੋ ਕਿ ਬਹੁਤ ਮਹੱਤਵਪੂਰਨ ਹੈ। ਇੰਨਾ ਹੀ ਨਹੀਂ, ਤੁਸੀਂ ਲੰਬੇ ਵੀਡੀਓਜ਼ ਅਤੇ ਆਡੀਓਜ਼ ਨੂੰ ਵੀ ਪੋਸਟ ਕਰ ਸਕੋਗੇ, ਇਸਦੇ ਫਾਇਦੇ ਗਿਣਦੇ ਹੋਏ, ਮਸਕ ਨੇ ਟਵੀਟ ਵਿੱਚ ਲਿਖਿਆ, ਇਹ ਤੁਹਾਨੂੰ ਜਵਾਬ, ਜ਼ਿਕਰ ਅਤੇ ਖੋਜ ਵਿੱਚ ਤਰਜੀਹ ਦੇਵੇਗਾ, ਜੋ ਕਿ ਬਹੁਤ ਮਹੱਤਵਪੂਰਨ ਹੈ। ਇੰਨਾ ਹੀ ਨਹੀਂ ਤੁਸੀਂ ਲੰਬੇ ਵੀਡੀਓ ਅਤੇ ਆਡੀਓ ਵੀ ਪੋਸਟ ਕਰ ਸਕੋਗੇ। ਇਸ਼ਤਿਹਾਰਾਂ ਦੀ ਗਿਣਤੀ ਵੀ ਸੀਮਤ ਹੋਵੇਗੀ।


ਤੁਹਾਨੂੰ ਦੱਸ ਦੇਈਏ ਕਿ ਐਲਨ ਮਸਕ ਨੇ ਸੋਮਵਾਰ ਨੂੰ ਕਿਹਾ ਹੈ ਕਿ ਉਹ ਟਵਿੱਟਰ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਦੇ ਤੌਰ 'ਤੇ ਕੰਮ ਕਰਨਗੇ। ਉਸ ਨੇ ਹਾਲ ਹੀ ਵਿਚ 44 ਬਿਲੀਅਨ ਡਾਲਰ ਵਿਚ ਟਵਿੱਟਰ ਖਰੀਦਿਆ ਹੈ। ਉਸਨੇ ਪਿਛਲੇ ਹਫਤੇ ਟਵਿੱਟਰ ਦੇ ਪਿਛਲੇ ਸੀਈਓ ਪਰਾਗ ਅਗਰਵਾਲ ਅਤੇ ਸੀਨੀਅਰ ਅਧਿਕਾਰੀਆਂ ਨੂੰ ਬਰਖਾਸਤ ਕਰ ਦਿੱਤਾ ਸੀ। ਮਸਕ ਇੱਕ ਰਾਕੇਟ ਕੰਪਨੀ ਸਪੇਸਐਕਸ ਵੀ ਚਲਾਉਂਦੇ ਹਨ।

# ਅਪਰਾਧੀ ਨੂੰ ਮੋਬਾਈਲ ਮੁਹੱਈਆ ਕਰਵਾਉਣ ਦੇ ਦੋਸ਼ ਵਿੱਚ ਤਿੰਨ ਪੁਲਿਸ ਮੁਲਾਜ਼ਮ ਮੁਅੱਤਲ



